

**ਓਲੰਪਿਕ ਤੋਂ ਵੱਧ ਤੋਂ ਵੱਧ ਫਾਇਦਾ ਉਠਾਉਂਦੇ ਹੋਏ**

# ਬ੍ਰਿਟਿਸ਼ ਕੋਲੰਬੀਆ ਨੂੰ ਮਜ਼ਬੂਤ ਬਣਾਉਣਾ

ਬ੍ਰਿਟਿਸ਼ ਕੋਲੰਬੀਆ ਨੂੰ ਮਹੱਤਵਪੂਰਨ ਆਰਥਿਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰ ਔਖੇ ਸਮਿਆਂ ਦੇ ਬਾਵਜੂਦ, ਸਰਕਾਰ ਬਹੁਤ ਜ਼ਰੂਰੀ ਸੇਵਾਵਾਂ ਦੀ ਰੱਖਿਆ ਕਰਨ ਅਤੇ ਬ੍ਰਿਟਿਸ਼ ਕੋਲੰਬੀਆ ਨੂੰ ਮਜ਼ਬੂਤ ਬਣਾਉਣ ਲਈ ਵਚਨਬੱਧ ਹੈ।

ਅਸੀਂ ਏਸ਼ੀਆ ਪੈਸੇਫਿਕ ਲਈ ਕੈਨੇਡਾ ਦਾ ਮੁੱਖ ਦੁਆਰ ਹਾਂ, ਜੋ ਕਿ ਵਧ ਰਹੀ ਆਰਥਿਕ ਮਜ਼ਬੂਤੀ ਦਾ ਇਕ ਸ੍ਰੋਤ ਹੈ। ਅਤੇ ਅਗਲੇ ਸਾਲ, ਅਸੀਂ ਵੈਨਕੂਵਰ 2010 ਓਲੰਪਿਕ ਅਤੇ ਪੈਰਾਲੰਪਿਕ ਵਿੰਟਰ ਗੇਮਾਂ ਕਰਵਾਵਾਂਗੇ, ਜੋ ਕਿ ਦੁਨੀਆਂ ਲਈ ਇਕ ਅਜਿਹਾ ਪ੍ਰਦਰਸ਼ਨ ਹੋਵੇਗਾ ਜਿਹੜਾ ਆਉਣ ਵਾਲੇ ਸਾਲਾਂ ਲਈ ਨਵੇਂ ਮੌਕੇ ਪੈਦਾ ਕਰੇਗਾ। ਅਸੀਂ ਬੀ.ਸੀ. ਨੂੰ ਜ਼ਿਆਦਾ ਮੁਕਾਬਲਾਕਾਰੀ ਬਣਾਉਣ, ਪੂੰਜੀ-ਨਿਵੇਸ਼ ਨੂੰ ਤੇਜ਼ ਕਰਨ ਅਤੇ ਜੌਬਾਂ ਵਿਚ ਵਾਧੇ ਨੂੰ ਉਤਸ਼ਾਹ ਦੇਣ ਲਈ ਕੰਮ ਕਰ ਰਹੇ ਹਾਂ। ਟੈਕਸ ਦੇਣ ਵਾਲਿਆਂ ਦੇ ਡਾਲਰਾਂ ਦੇ ਸੁਚੱਜੇ ਪ੍ਰਬੰਧ ਰਾਹੀਂ, ਅਸੀਂ ਇਹ ਯਕੀਨੀ ਬਣਾਉਣ ਲਈ ਸਮਰਪਿਤ ਹਾਂ ਕਿ ਬੀ.ਸੀ. ਦਾ ਭਵਿੱਖ ਤਰੱਕੀ ਅਤੇ ਖੁਸ਼ਹਾਲੀ ਵਾਲਾ ਹੋਵੇ।

ਅਸੀਂ ਸਰਕਾਰੀ ਖਰਚਿਆਂ ਨਾਲ ਸੰਬੰਧਿਤ ਔਖੇ ਫੈਸਲਿਆਂ ਵਿਚਕਾਰ ਸੰਤੁਲਨ ਬਣਾਈ ਰੱਖਣ ਅਤੇ ਆਪਣੇ ਸੂਬੇ ਦੀ ਵਿੱਤੀ ਬੁਨਿਆਦ ਨੂੰ ਠੋਸ ਬਣਾਉਣ ਦੀ ਲੋੜ ਨੂੰ ਵੀ ਸਮਝਦੇ ਹਾਂ।

ਸਲਾਹ-ਮਸ਼ਵਰੇ ਦੇ ਇਸ ਪੇਪਰ ਰਾਹੀਂ, ਅਸੀਂ ਪਿਛੋਕੜ ਬਾਰੇ ਮਹੱਤਵਪੂਰਨ ਜਾਣਕਾਰੀ ਦੇ ਰਹੇ ਹਾਂ ਅਤੇ ਬੀ.ਸੀ. ਦੇ ਅਗਲੇ ਸੂਬਾਈ ਬੱਜਟ ਦੀ ਤਿਆਰੀ ’ਤੇ ਤੁਹਾਡੇ ਸੁਝਾਅ ਮੰਗ ਰਹੇ ਹਾਂ।

ਬਿਹਤਰ, ਮਜ਼ਬੂਤ ਬ੍ਰਿਟਿਸ਼ ਕੋਲੰਬੀਆ ਲਈ ਅਸੀਂ ਤੁਹਾਡੀਆਂ ਤਰਜੀਹਾਂ ਬਾਰੇ ਸੁਣਨਾ ਚਾਹੁੰਦੇ ਹਾਂ।

BRITISH COLUMBIA
The Best Place on Earth

# ਬੀ.ਸੀ. ਦਾ ਮੁਕਾਬਲਾਕਾਰੀ ਤਿੱਖਾਪਣ

ਪੂੰਜੀ-ਨਿਵੇਸ਼ ਨੂੰ ਉਤਸ਼ਾਹ ਦੇਣ, ਜੌਬਾਂ ਪੈਦਾ ਕਰਨ ਅਤੇ ਜ਼ਿਆਦਾ ਖ਼ੁਸ਼ਹਾਲੀ ਯਕੀਨੀ ਬਣਾਉਣ ਲਈ, ਬੀ.ਸੀ. ਦੀ ਸਰਕਾਰ ਬ੍ਰਿਟਿਸ਼ ਕੋਲੰਬੀਆ ਨੂੰ ਦੁਨੀਆਂ ਭਰ ਦੇ ਸਭ ਤੋਂ ਜ਼ਿਆਦਾ ਮੁਕਾਬਲਾਕਾਰੀ ਇਲਾਕਿਆਂ ਵਿੱਚੋਂ ਇਕ ਬਣਾਉਣ ਲਈ ਵਚਨਬੱਧ ਹੈ।

ਇਸ ਟੀਚੇ ਨੂੰ ਪੂਰਾ ਕਰਨ ਲਈ, ਬ੍ਰਿਟਿਸ਼ ਕੋਲੰਬੀਆ ਮੌਜੂਦਾ ਸੂਬਾਈ ਸੇਲਜ਼ ਟੈਕਸ (ਪੀ ਐੱਸ ਟੀ) ਖ਼ਤਮ ਕਰ ਦੇਵੇਗਾ ਅਤੇ ਹਾਰਮਨਾਈਜ਼ਡ ਸੇਲਜ਼ ਟੈਕਸ (ਐੱਚ ਐੱਸ ਟੀ) ਸ਼ੁਰੂ ਕਰੇਗਾ, ਜਿਸ ਨਾਲ 1 ਜੁਲਾਈ, 2010 ਨੂੰ ਪੰਜ ਫੀ ਸਦੀ ਫੈਡਰਲ ਜੀ ਐੱਸ ਟੀ ਵਿਚ ਸੱਤ ਫੀ ਸਦੀ ਸੂਬਾਈ ਰੇਟ ਸ਼ਾਮਲ ਹੋ ਜਾਵੇਗਾ। 12 ਫੀ ਸਦੀ ’ਤੇ, ਇਹ ਕੈਨੇਡਾ ਵਿਚ ਸਭ ਤੋਂ ਘੱਟ ਐੱਚ ਐੱਸ ਟੀ ਰੇਟ ਹੋਵੇਗਾ।

ਐੱਚ ਐੱਸ ਟੀ ਵੱਲ ਤਬਦੀਲੀ ਕਰਨ ਦੇ ਆਰਥਿਕ ਫਾਇਦੇ ਬਹੁਤ ਵੱਡੇ ਹਨ। ਮੋਹਰੀ ਆਰਥਿਕ ਮਾਹਰਾਂ ਦਾ ਅੰਦਾਜ਼ਾ ਹੈ ਕਿ ਪੀ ਐੱਸ ਟੀ ਅਤੇ ਜੀ ਐੱਸ ਟੀ ਨੂੰ ਇਕੱਠਾ ਕਰਨਾ ਇਕ ਅਜਿਹਾ ਸਭ ਤੋਂ ਵੱਡਾ ਉੱਦਮ ਹੈ ਜਿਹੜਾ ਸੂਬਾਈ ਸਰਕਾਰ ਬੀ.ਸੀ. ਦੀ ਇਕੌਨਮੀ ਨੂੰ ਤੇਜ਼ ਕਰਨ ਅਤੇ ਜੌਬਾਂ ਪੈਦਾ ਕਰਨ ਲਈ ਚੁੱਕ ਸਕਦੀ ਹੈ। ਇਹ ਬਿਜ਼ਨਸ ਪੂੰਜੀ-ਨਿਵੇਸ਼ ’ਤੇ ਟੈਕਸ 40 ਫੀ ਸਦੀ ਤੱਕ ਘਟਾ ਦੇਵੇਗਾ, ਜਿਸ ਨਾਲ ਸੂਬੇ ਦੀ ਇਕੌਨਮੀ ਨੂੰ ਇਕ ਵੱਡਾ ਉਤਸ਼ਾਹ ਮਿਲੇਗਾ। ਇਹ ਬੀ.ਸੀ. ਦੇ ਬਿਜ਼ਨਸਾਂ ਤੋਂ ਤਕਰੀਬਨ 2 ਬਿਲੀਅਨ ਡਾਲਰ ਦੀ ਲਾਗਤ ਹਟਾ ਦੇਵੇਗਾ, ਜਿਸ ਨਾਲ ਉਨ੍ਹਾਂ ਦੀ ਮੁਕਾਬਲਾਕਾਰੀ ਵਧੇਗੀ, ਪੂੰਜੀ-ਨਿਵੇਸ਼ ਨੂੰ ਉਤਸ਼ਾਹ ਮਿਲੇਗਾ ਅਤੇ ਬੁਨਿਆਦੀ ਤੌਰ ’ਤੇ ਇਸ ਦਾ ਨਤੀਜਾ ਜ਼ਿਆਦਾ ਜੌਬਾਂ ਵਿਚ ਨਿਕਲੇਗਾ। ਬਿਜ਼ਨਸਾਂ ਵਿਚ ਜ਼ਿਆਦਾ ਪੂੰਜੀ-ਨਿਵੇਸ਼ ਹੋਣ ਨਾਲ, ਐੱਚ ਐੱਸ ਟੀ ਵੱਲ ਤਬਦੀਲੀ ਦਾ ਮਤਲਬ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਲਈ ਜ਼ਿਆਦਾ, ਬਿਹਤਰ ਤਨਖ਼ਾਹ ਵਾਲੀਆਂ, ਲੰਮੇ ਸਮੇਂ ਦੀਆਂ ਅਤੇ ਸਥਿਰ ਜੌਬਾਂ ਹੋਵੇਗਾ।

**ਨਿੱਜੀ, ਕਾਰਪੋਰੇਟ ਅਤੇ ਬਿਜ਼ਨਸ ਇਨਕਮ ਟੈਕਸਾਂ ਨੂੰ ਘੱਟ ਕਰਨਾ**




ਐੱਚ ਐੱਸ ਟੀ ਸਿਸਟਮ ਵੱਲ ਤਬਦੀਲੀ ਦੇ ਨਾਲ ਵੀ – ਬੀ.ਸੀ. ਵਿਚ ਵਿਅਕਤੀਆਂ ਅਤੇ ਪਰਿਵਾਰਾਂ ਲਈ ਟੈਕਸ ਦਾ ਕੁੱਲ ਬੋਝ, ਕੈਨੇਡਾ ਵਿਚ ਕਿਸੇ ਵੀ ਹੋਰ ਸੂਬੇ ਦੇ ਮੁਕਾਬਲੇ ਹੇਠੋਂ ਦੂਜੇ ਨੰਬਰ ਤੇ ਰਹੇਗਾ।

ਬਿਜ਼ਨਸ ਅਤੇ ਇੰਡਸਟਰੀ ਸਾਡੇ ਸੂਬੇ ਦੀ ਤਰੱਕੀ ਜਾਰੀ ਰੱਖਦੇ ਹਨ। ਤਰੱਕੀ ਅਤੇ ਨਵੇਂ ਪੂੰਜੀ-ਨਿਵੇਸ਼ ਨੂੰ ਉਤਸ਼ਾਹ ਦੇਣ ਵਾਲਾ ਜ਼ਿਆਦਾ ਮੁਕਾਬਲਾਕਾਰੀ ਟੈਕਸ ਸਿਸਟਮ, ਬ੍ਰਿਟਿਸ਼ ਕੋਲੰਬੀਆ ਭਰ ਵਿਚ ਆਰਥਿਕ ਭਲਾਈ ਨੂੰ ਉਤਸ਼ਾਹ ਦੇਵੇਗਾ।

# ਨਿੱਜੀ ਆਮਦਨ ਟੈਕਸ ਵਿਚ ਕਟੌਤੀਆਂ

ਸਾਲ 2001 ਤੋਂ ਲੈ ਕੇ, ਬ੍ਰਿਟਿਸ਼ ਕੋਲੰਬੀਆ ਦੇ ਬਹੁਤੇ ਲੋਕਾਂ ਲਈ ਨਿੱਜੀ ਇਨਕਮ ਟੈਕਸ ਰੇਟ 37 ਫੀ ਸਦੀ ਤੱਕ ਘਟਾਏ ਗਏ ਹਨ, ਅਤੇ ਹੁਣ ਹੋਰ 325,000 ਲੋਕ ਬੀ.ਸੀ. ਦਾ ਕੋਈ ਇਨਕਮ ਟੈਕਸ ਨਹੀਂ ਦਿੰਦੇ।

1 ਜਨਵਰੀ, 2010 ਤੋਂ ਟੈਕਸ ਦੇਣ ਵਾਲਿਆਂ ਨੂੰ ਪਤਾ ਲੱਗੇਗਾ ਕਿ ਬੇਸਿਕ ਪਰਸਨਲ ਇਨਕਮ ਟੈਕਸ ਕਰੈਡਿਟ 9,373 ਡਾਲਰ ਤੋਂ ਵਧ ਕੇ 11,000 ਡਾਲਰ ਹੋ ਗਿਆ ਹੈ ਜੋ ਕਿ 1,627 ਡਾਲਰ ਦਾ ਵਾਧਾ ਹੈ।

ਸਰਕਾਰ ਵਲੋਂ ਟੈਕਸ ਬਾਰੇ ਚੁੱਕੇ ਗਏ ਇਨ੍ਹਾਂ ਅਤੇ ਹੋਰ ਕਦਮਾਂ ਦੇ ਨਤੀਜੇ ਵਜੋਂ, ਸਾਲ ਵਿਚ 118,000 ਡਾਲਰ ਤੱਕ ਕਮਾ ਰਹੇ ਬ੍ਰਿਟਿਸ਼ ਕੋਲੰਬੀਆ ਦੇ ਲੋਕ, ਕੈਨੇਡਾ ਵਿਚ ਸਭ ਤੋਂ ਘੱਟ ਸੂਬਾਈ ਇਨਕਮ ਟੈਕਸ ਦੇਣਗੇ।

**ਸੂਬਾਈ ਨਿੱਜੀ ਇਨਕਮ ਟੈਕਸ ਦੀ ਤੁਲਨਾ – 2009**




# ਵਧੀਆ ਵਿੱਤੀ ਪ੍ਰਬੰਧ

ਬੀ.ਸੀ. ਦੀ ਸਰਕਾਰ ਜ਼ਿੰਮੇਵਾਰ ਅਤੇ ਵਧੀਆ ਵਿੱਤੀ ਪ੍ਰਬੰਧ ਲਈ ਵਚਨਬੱਧ ਹੈ। ਬ੍ਰਿਟਿਸ਼ ਕੋਲੰਬੀਆ ਕੈਨੇਡਾ ਦੇ ਸਭ ਤੋਂ ਘੱਟ ਕਰਜ਼ੇ ਦੇ ਭਾਰ ਵਾਲੇ ਸੂਬਿਆਂ ਵਿੱਚੋਂ ਇਕ ਹੈ। ਟੈਕਸ ਦੇਣ ਵਾਲਿਆਂ ਦੀ ਮਦਦ ਵਾਲੇ ਕਰਜ਼ੇ ’ਤੇ ਵਿਆਜ ਦਾ ਖਰਚਾ ਘੱਟ ਰਹਿਣਾ ਜਾਰੀ ਹੈ ਅਤੇ ਇਹ ਆਮਦਨ ਦੇ ਹਰ ਡਾਲਰ ਪਿੱਛੇ 5.2 ਸੈਂਟਾਂ ਨਾਲੋਂ ਘੱਟ ਹੈ।

ਸਾਲ 2004 ਤੋਂ ਬ੍ਰਿਟਿਸ਼ ਕੋਲੰਬੀਆ ਦੀ ਕਰੈਡਿਟ ਰੇਟਿੰਗ ਵਿੱਚ ਸੱਤ ਵਾਰ ਵਾਧਾ ਹੋਇਆ ਹੈ ਅਤੇ ਅੱਜ ਇਸ ਕੋਲ ਏ ਏ ਏ ਦੀ ਕਰੈਡਿਟ ਰੇਟਿੰਗ ਹੈ – ਵੱਧ ਤੋਂ ਵੱਧ ਜਿੰਨੀ ਸੰਭਵ ਹੋ ਸਕਦੀ ਹੈ। ਇਸ ਨਾਲ ਮਾਇਕ ਲਚਕਸ਼ੀਲਤਾ ਮਿਲੀ ਹੈ ਅਤੇ ਬੀ.ਸੀ. ਵੱਡੇ ਪ੍ਰੋਜੈਕਟਾਂ ਲਈ ਉਧਾਰ ਲੈਣ ਦੇ ਯੋਗ ਹੋਇਆ ਹੈ – ਆਰਥਿਕ ਮੰਦਵਾੜਿਆਂ ਦੌਰਾਨ ਵੀ – ਸਭ ਤੋਂ ਬਿਹਤਰ ਸੰਭਵ ਸ਼ਰਤਾਂ ’ਤੇ।

# ਜੌਬਾਂ ਪੈਦਾ ਕਰਨਾ ਅਤੇ ਕਮਿਉਨਟੀਆਂ ਦੀ ਮਦਦ ਕਰਨਾ

ਬੀ.ਸੀ. ਦੀ ਸਰਕਾਰ ਜ਼ਰੂਰੀ ਪਬਲਿਕ ਇਨਫਰਾਸਟਰੱਕਚਰ (ਬੁਨਿਆਦੀ ਢਾਂਚੇ) – ਜਿਵੇਂ ਕਿ ਪੁੱਲਾਂ, ਹਾਈਵੇਆਂ, ਸਕੂਲਾਂ, ਹਸਪਤਾਲਾਂ ਅਤੇ ਕਮਿਉਨਟੀ ਸਹੂਲਤਾਂ – ਵਿਚ ਪੂੰਜੀ-ਨਿਵੇਸ਼ ਕਰਨਾ ਜਾਰੀ ਰੱਖ ਰਹੀ ਹੈ। ਫੈਡਰਲ ਅਤੇ ਸਥਾਨਕ ਸਰਕਾਰਾਂ ਨਾਲ ਰਲ ਕੇ ਤਕਰੀਬਨ 14 ਬਿਲੀਅਨ ਡਾਲਰ ਪਬਲਿਕ ਇਨਫਰਾਸਟਰੱਕਚਰ ਦੇ ਪ੍ਰੋਜੈਕਟਾਂ ਵਿਚ ਲਗਾਏ ਜਾ ਰਹੇ ਹਨ, ਜਿਨ੍ਹਾਂ ਨਾਲ 88,000 ਜੌਬਾਂ ਪੈਦਾ ਹੋਣ ਦੀ ਉਮੀਦ ਹੈ।

ਫਰਵਰੀ ਤੋਂ ਲੈ ਕੇ, 3.4 ਬਿਲੀਅਨ ਡਾਲਰ ਦੇ 480 ਦੇ ਕਰੀਬ ਪ੍ਰੋਜੈਕਟਾਂ ਦਾ ਪਹਿਲਾਂ ਹੀ ਐਲਾਨ ਹੋ ਚੁੱਕਾ ਹੈ। ਇਨ੍ਹਾਂ ਪ੍ਰੋਜੈਕਟਾਂ ਨਾਲ 21,600 ਸਿੱਧੀਆਂ ਜੌਬਾਂ ਪੈਦਾ ਹੋਣ ਦੀ ਉਮੀਦ ਹੈ, ਜਿਸ ਨਾਲ ਸੂਬੇ ਭਰ ਵਿਚ ਹੋਰ ਸਥਿਰਤਾ ਅਤੇ ਭਰੋਸਾ ਪੈਦਾ ਹੋਵੇਗਾ।

# ਔਖਾ ਆਰਥਿਕ ਵਾਤਾਵਰਣ

ਗਲੋਬਲ ਆਰਥਿਕ ਮੰਦਵਾੜੇ ਨਾਲ ਬ੍ਰਿਟਿਸ਼ ਕੋਲੰਬੀਆ ਨੂੰ ਬਹੁਤ ਸੱਟ ਵੱਜੀ ਹੈ। ਕਾਰਪੋਰੇਟ ਅਤੇ ਨਿੱਜੀ ਇਨਕਮ ਟੈਕਸ ਤੋਂ ਹੋਣ ਵਾਲੀ ਸੰਭਾਵਤ ਆਮਦਨੀ ਨਾਟਕੀ ਢੰਗ ਨਾਲ ਥੱਲੇ ਗਈ ਹੈ – ਇਕੱਲੇ ਇਸ ਸਾਲ ਵਿਚ ਹੀ 1 ਬਿਲੀਅਨ ਡਾਲਰ ਤੋਂ ਜ਼ਿਆਦਾ। ਕੁਦਰਤੀ ਵਸੀਲਿਆਂ ਤੋਂ ਆਮਦਨੀ – ਜੋ ਕਿ ਸਾਡੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ – ਵੀ ਇੰਨੀ ਹੀ ਮਾਤਰਾ ਵਿਚ ਥੱਲੇ ਗਈ ਹੈ। ਇਸੇ ਸਮੇਂ, ਜ਼ਰੂਰੀ ਸਰਕਾਰੀ ਖਰਚੇ ਨਾਟਕੀ ਢੰਗ ਨਾਲ ਵਧੇ ਹਨ। ਅਸਲੀਅਤ ਵਿਚ, ਜਿਹੜੀਆਂ ਸੇਵਾਵਾਂ ਨੂੰ ਬ੍ਰਿਟਿਸ਼ ਕੋਲੰਬੀਆ ਦੇ ਲੋਕ ਸਭ ਤੋਂ ਜ਼ਿਆਦਾ ਮਹੱਤਵ ਦਿੰਦੇ ਹਨ – ਸਿਹਤ ਸੇਵਾਵਾਂ, ਪੜ੍ਹਾਈ ਅਤੇ ਮੁੱਖ ਸਮਾਜਿਕ ਪ੍ਰੋਗਰਾਮ – ਉਨ੍ਹਾਂ ਨੂੰ ਦੇਣ ਦੇ ਸਮੁੱਚੇ ਖਰਚੇ ਲਗਾਤਾਰ ਵਧ ਰਹੇ ਹਨ।

ਇਨ੍ਹਾਂ ਮੁੱਖ ਸੇਵਾਵਾਂ ਦੀ ਹਿਫਾਜ਼ਤ ਕਰਨ ਲਈ, ਸਰਕਾਰ ਨੇ ਵਿਉਂਤੇ ਘਾਟੇ 2009/10 ਵਿਚ 2.8 ਬਿਲੀਅਨ ਡਾਲਰ, 2010/11 ਵਿਚ 1.7 ਬਿਲੀਅਨ ਡਾਲਰ, 2011/12 ਵਿਚ 945 ਮਿਲੀਅਨ ਡਾਲਰ, ਅਤੇ 2012/13 ਵਿਚ 140 ਮਿਲੀਅਨ ਡਾਲਰ ਰੱਖਣ ਅਤੇ 2013/14 ਵਿਚ ਬੈਲੇਂਸਡ ਬੱਜਟ ਵੱਲ ਵਾਪਸ ਆਉਣ ਦੀ ਚੋਣ ਕੀਤੀ ਹੈ। ਇਸ ਵਿੱਤੀ ਵਾਤਾਵਰਣ ਦੇ ਵਿਚ ਵਿਚ 2010 ਦੇ ਬੱਜਟ ਦੇ ਖਰਚਿਆਂ ਦੀਆਂ ਤਰਜੀਹਾਂ ਅਤੇ ਦਿਸ਼ਾ ਤਿਆਰ ਕੀਤੀ ਜਾਵੇਗੀ।

### ਸਿਹਤ ਸੇਵਾਵਾਂ ਲਈ ਫੰਡਾਂ ਵਿਚ ਵਾਧੇ ਨੂੰ ਕਾਇਮ ਰੱਖਿਆ ਗਿਆ ਹੈ




*ਪਹਿਲਾਂ 120 ਮਿਲੀਅਨ ਡਾਲਰ *ਸਪਲੀਮੈਂਟਰੀ ਅੰਦਾਜ਼ੇ*

# ਜ਼ਰੂਰੀ ਸੇਵਾਵਾਂ ਦੀ ਹਿਫਾਜ਼ਤ ਕਰਨਾ

ਡਿਗ ਰਹੀ ਆਮਦਨ ਅਤੇ ਔਖੀਆਂ ਆਰਥਿਕ ਹਾਲਤਾਂ ਦੇ ਬਾਵਜੂਦ, ਬੀ.ਸੀ. ਦੀ ਸਰਕਾਰ, ਜ਼ਰੂਰੀ ਜਨਤਕ ਸੇਵਾਵਾਂ ਦੀ ਹਿਫਾਜ਼ਤ ਕਰਨ ਅਤੇ ਇਨ੍ਹਾਂ ਨੂੰ ਕਾਇਮ ਰੱਖਣ ਲਈ ਵਚਨਬੱਧ ਹੈ।

ਸਿਹਤ, ਪੜ੍ਹਾਈ ਅਤੇ ਸਮਾਜਿਕ ਸੇਵਾਵਾਂ 'ਤੇ ਸਰਕਾਰ ਦਾ ਖਰਚ, ਸਾਰੇ ਸਰਕਾਰੀ ਖਰਚਿਆਂ ਦਾ ਤਕਰੀਬਨ 75 ਫੀ ਸਦੀ ਬਣਦਾ ਹੈ।

ਅਗਲੇ ਤਿੰਨ ਸਾਲਾਂ ਦੌਰਾਨ, ਸਿਹਤ ਸੇਵਾਵਾਂ ਲਈ ਫੰਡ ਤਕਰੀਬਨ 18 ਫੀ ਸਦੀ ਤੱਕ ਵਧਾਏ ਜਾ ਰਹੇ ਹਨ। 2011 ਤੱਕ, ਇਹ ਵਧ ਕੇ 15.7 ਬਿਲੀਅਨ ਡਾਲਰ 'ਤੇ ਪਹੁੰਚ ਜਾਣਗੇ।

ਕਿੰਡਰਗਾਰਟਨ ਤੋਂ ਲੈ ਕੇ ਗਰੇਡ 12 ਤੱਕ, ਹਰ ਵਿਦਿਆਰਥੀ ਪਿੱਛੇ ਫੰਡਿੰਗ, ਘਟ ਰਹੇ ਦਾਖਲਿਆਂ ਦੇ ਬਾਵਜੂਦ 8,200 ਡਾਲਰ 'ਤੇ ਕਾਇਮ ਰੱਖੀ ਜਾ ਰਹੀ ਹੈ। ਸਰਕਾਰ 2010 ਦੀ ਪੱਤਝੜ ਰੁੱਤ ਵਿਚ ਪੂਰੇ ਦਿਨ ਦੀ ਕਿੰਡਰਗਾਰਟਨ ਵੀ ਸ਼ੁਰੂ ਕਰੇਗੀ।

ਪੋਸਟ-ਸੈਕੰਡਰੀ ਦੀ ਪੜ੍ਹਾਈ 'ਤੇ ਕੁੱਲ ਸਲਾਨਾ ਖਰਚਾ 2011/12 ਤੱਕ 4.7 ਬਿਲੀਅਨ ਡਾਲਰ ਨੂੰ ਟੱਪ ਜਾਵੇਗਾ। ਇਸ ਵਿਚ ਉਨ੍ਹਾਂ ਬਿਜ਼ਨਸਾਂ ਲਈ ਟਰੇਨਿੰਗ ਟੈਕਸ ਕਰੈਡਿਟਾਂ ਦੇ ਵਾਧੇ ਵੀ ਸ਼ਾਮਲ ਹਨ ਜਿਹੜੇ ਬਿਜ਼ਨਸ ਅਪ੍ਰੈਂਟਿਸਾਂ (ਸਿਖਾਂਦਰੂਆਂ) ਨੂੰ ਰੱਖਦੇ ਹਨ।

### ਕੇ-12 ਪਬਲਿਕ ਐਜੂਕੇਸ਼ਨ ਦਾਖਲੇ ਅਤੇ ਫੰਡਾਂ ਦੇ ਪੱਧਰ




*ਇਸ ਵਿਚ ਸੂਬਾਈ ਸਰਕਾਰ ਵਲੋਂ ਸਕੂਲ ਜਿਲ੍ਹਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਖਾਸ ਗਰਾਂਟਾਂ ਜਾਂ ਸਾਲ 2010 ਵਿਚ ਪੂਰੇ ਦਿਨ ਦੀ ਕਿੰਡਰਗਾਰਟਨ ਦੀ ਸ਼ੁਰੂਆਤ ਸ਼ਾਮਲ ਨਹੀਂ ਹੈ।

ਬ੍ਰਿਟਿਸ਼ ਕੋਲੰਬੀਆ ਦੇ ਲੋੜਵੰਦ ਲੋਕਾਂ ਲਈ, ਸਰਕਾਰ ਆਮਦਨ ਸਹਾਇਤਾ ਦੀ ਜ਼ਿਆਦਾ ਮੰਗ ਨੂੰ ਪੂਰਾ ਕਰਨ ਲਈ ਤਿੰਨ ਸਾਲਾਂ ਦੇ ਸਮੇਂ ਵਿਚ ਹੋਰ 420 ਮਿਲੀਅਨ ਡਾਲਰ ਪ੍ਰਦਾਨ ਕਰ ਰਹੀ ਹੈ।

# ਆਰਥਿਕ ਰਿਕਵਰੀ ਅਤੇ ਓਲੰਪਿਕ ਦਾ ਫਾਇਦਾ

ਜਿਵੇਂ ਕਿ ਆਰਥਿਕ ਰਿਕਵਰੀ ਹੋਣੀ ਸ਼ੁਰੂ ਹੋ ਗਈ ਹੈ, ਇਸ ਸਮੇਂ ਬੀ.ਸੀ. ਬਹੁਤ ਸਾਰੇ ਫਾਇਦਿਆਂ ’ਤੇ ਉਸਾਰੀ ਕਰਨ ਲਈ ਪਰ ਤੋਲ ਰਿਹਾ ਹੈ, ਜਿਸ ਵਿਚ ਵੈਨਕੂਵਰ 2010 ਓਲੰਪਿਕ ਅਤੇ ਪੈਰਾਲੰਪਿਕ ਵਿੰਟਰ ਗੇਮਾਂ ਕਰਵਾਉਣਾ ਵੀ ਸ਼ਾਮਲ ਹੈ। ਗੇਮਾਂ ਕਰਵਾਉਣ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੇ ਖਾਸ ਮੌਕੇ, ਭਵਿੱਖ ਦੀ ਤਰੱਕੀ ਲਈ ਇਕ ਹੋਰ ਆਧਾਰ ਪ੍ਰਦਾਨ ਕਰਦੇ ਹਨ। ਗੇਮਾਂ ਕਾਰਨ ਅੰਦਾਜ਼ਨ 250,000 ਵਿਜ਼ਟਰ ਬੀ.ਸੀ. ਵਿਚ ਆਉਣਗੇ ਅਤੇ ਇਹ ਦੁਨੀਆਂ ਭਰ ਵਿਚ 3 ਬਿਲੀਅਨ ਦਰਸ਼ਕਾਂ ਲਈ ਟੈਲੀਵੀਜ਼ਨ ’ਤੇ ਦਿਖਾਈਆਂ ਜਾਣਗੀਆਂ। ਗੇਮਾਂ ਨਾਲ ਹੋਣ ਵਾਲਾ ਆਰਥਿਕ ਵਾਧਾ ਬਹੁਤ ਜ਼ਿਆਦਾ ਹੋਵੇਗਾ। ਅਸਲੀਅਤ ਤਾਂ ਇਹ ਹੈ ਕਿ ਗੇਮਾਂ, ਜੌਬਾਂ ਪੈਦਾ ਕਰਨ ਵਾਲੇ ਪੂੰਜੀ-ਨਿਵੇਸ਼, ਟੂਰਿਜ਼ਮ ਅਤੇ ਵਪਾਰ ਲਈ ਬ੍ਰਿਟਿਸ਼ ਕੋਲੰਬੀਆ ਅਤੇ ਇਸ ਦੇ ਬਹੁਤ ਸਾਰੇ ਮੌਕਿਆਂ ਦੀ ਪਹਿਲਾਂ ਕਿਸੇ ਵੀ ਸਮੇਂ ਨਾਲੋਂ ਵੱਡੀ ਅਤੇ ਇਕੱਲੀ ਮਸ਼ਹੂਰੀ ਹਨ।

# ਬੁਨਿਆਦ ਉੱਪਰ ਉਸਾਰੀ ਕਰਨਾ



ਇਨਫਰਾਸਟਰੱਕਚਰ ’ਤੇ ਤੇਜ਼ੀ ਨਾਲ ਖਰਚ ਰਾਹੀਂ ਜੌਬਾਂ ਪੈਦਾ ਕਰਨ ਅਤੇ ਜ਼ਿਆਦਾ ਮੁਕਾਬਲਾਕਾਰੀ ਟੈਕਸ ਸਿਸਟਮ ਸਥਾਪਤ ਕਰਨ ਤੋਂ ਲੈ ਕੇ – ਕੈਨੇਡਾ ਦਾ ਪੈਸੇਫਿਕ ਗੇਟਵੇਅ ਤਿਆਰ ਕਰਨ ਅਤੇ ਵੈਨਕੂਵਰ 2010 ਓਲੰਪਿਕ ਅਤੇ ਪੈਰਾਲੰਪਿਕ ਵਿੰਟਰ ਗੇਮਾਂ ਦੀ ਮੇਜ਼ਬਾਨੀ ਤੱਕ – ਸਰਕਾਰ, ਸੂਬੇ ਦੀ ਇਕੌਨਮੀ ਨੂੰ ਮਜ਼ਬੂਤ ਕਰਨ ਲਈ ਨਵੇਂ ਅਤੇ ਤਬਦੀਲੀ ਲਿਆਉਣ ਵਾਲੇ ਤਰੀਕੇ ਲੱਭਣਾ ਜਾਰੀ ਰੱਖ ਰਹੀ ਹੈ।

ਇਸ ਵਿਚ, ਫੈਡਰਲ ਸਰਕਾਰ ਨਾਲ ਰਲ ਕੇ ਵਿਆਪਕ ਏਸ਼ੀਆ ਪੈਸੇਫਿਕ ਗੇਟਵੇਅ ਅਥਾਰਟੀ ਸਥਾਪਤ ਕਰਨਾ ਅਤੇ ਵਾਤਾਵਰਣ ਵਿਚ ਤਬਦੀਲੀ ਵੱਲ ਧਿਆਨ ਦੇਣ ਅਤੇ ਵਾਤਾਵਰਣ ਦੇ ਸੁਧਾਰ ਵਾਲੀਆਂ ਤਕਨੀਕਾਂ (ਗਰੀਨ ਟੈਕਨੌਲੌਜੀ) ਤਿਆਰ ਕਰਨ ਵਿਚ ਬੀ.ਸੀ. ਦੇ ਆਗੂ ਰੋਲ ਨੂੰ ਕਾਇਮ ਰੱਖਣ ਲਈ ਉੱਦਮ ਕਰਨਾ ਸ਼ਾਮਲ ਹੈ।

ਇਸ ਵਿਚ, ਵਪਾਰ ਅਤੇ ਆਰਥਿਕ ਤਰੱਕੀ ਨੂੰ ਹੋਰ ਵਧਾਉਣ ਲਈ ਓਪਨ ਸਕਾਈਜ਼ ਪਾਲਸੀ (ਖੁੱਲ੍ਹੇ ਅਸਮਾਨਾਂ ਦੀ ਨੀਤੀ) ਦੇ ਵਿਕਾਸ ਰਾਹੀਂ ਦੁਨੀਆਂ ਦੀ ਮਾਰਕੀਟ ਦੀਆਂ ਮੰਗਾਂ ਪੂਰੀਆਂ ਕਰਨਾ ਸ਼ਾਮਲ ਹੈ। ਇਸ ਵਿਚ ਫਸਟ ਨੇਸ਼ਨਜ਼ ਨਾਲ ਆਪਸੀ ਆਦਰ, ਪਛਾਣ ਅਤੇ ਮੇਲਮਿਲਾਪ ਦੇ ਆਧਾਰ ’ਤੇ ਨਵੇਂ ਸਬੰਧ ਵਿਕਸਤ ਕਰਨਾ ਸ਼ਾਮਲ ਹੈ।

ਅਤੇ ਇਸ ਵਿਚ “ਲੱਕੜੀ ਪਹਿਲਾਂ” ਪਾਲਸੀ ਸ਼ੁਰੂ ਕਰਨ ਦੀਆਂ ਵਿਉਂਤਾਂ ਸ਼ਾਮਲ ਹਨ ਜੋ ਕਿ ਸਾਰੀਆਂ ਸਰਕਾਰੀ ਇਮਾਰਤਾਂ ਤੋਂ ਇਹ ਮੰਗ ਕਰਨਗੀਆਂ ਕਿ ਉਹ ਜਿੱਥੇ ਵੀ ਸੰਭਵ ਹੋਵੇ, ਅੰਦਰ ਅਤੇ ਬਾਹਰ ਦੋਨੋਂ ਪਾਸੇ ਇਮਾਰਤੀ ਸਾਮੱਗਰੀ ਲਈ ਲੱਕੜੀ ਦੀ ਵਰਤੋਂ ਕਰਨ। ਇਹ ਅਤੇ ਹੋਰ ਕਦਮ, ਸਾਡੀ ਆਰਥਿਕ ਬੁਨਿਆਦ ਨੂੰ ਬਹੁਤ ਮਜ਼ਬੂਤ ਕਰਨਗੇ।

ਪ੍ਰਾਈਵੇਟ ਸੈਕਟਰ ਦੇ ਆਰਥਿਕ ਮਾਹਰ ਇਹ ਉਮੀਦ ਕਰਦੇ ਹਨ ਕਿ ਔਖੇ ਸਮਿਆਂ ਵਿੱਚੋਂ ਬਾਹਰ ਨਿਕਲਦੇ ਸਮੇਂ, ਬੀ.ਸੀ. ਆਰਥਿਕ ਤਰੱਕੀ ਵਿਚ ਦੇਸ਼ ਦੀ ਅਗਵਾਈ ਕਰੇਗਾ। ਇਸ ਸਮੇਂ ਦੇ ਦੌਰਾਨ, ਬ੍ਰਿਟਿਸ਼ ਕੋਲੰਬੀਆ ਨੂੰ ਮਜ਼ਬੂਤ ਅਤੇ ਜ਼ਿਆਦਾ ਖੁਸ਼ਹਾਲ ਬਣਾਉਣ ਲਈ ਕੰਮ ਕਰਦਿਆਂ, ਜ਼ਰੂਰੀ ਸੇਵਾਵਾਂ ਦੀ ਹਿਫਾਜ਼ਤ ਕਰਨਾ ਅਤੇ ਭਵਿੱਖ ਲਈ ਉਸਾਰੀ ਕਰਨਾ ਸਾਡੀਆਂ ਮੁੱਖ ਤਰਜੀਹਾਂ ਹਨ।

## ਬੱਜਟ ਲਈ ਸਲਾਹ-ਮਸ਼ਵਰਾ – ਪੰਜ ਸਾਲਾ ਵਿੱਤੀ ਯੋਜਨਾ

| (ਮਿਲੀਅਨ$) | 2008/09 | 2009/10 | 2010/11 | 2011/12 | 2012/13 | 2013/14 |
|---|---|---|---|---|---|---|
| ਆਮਦਨ | 38,328 | 37,608 | 38,845 | 41,072 | 42,920 | 44,630 |
| %ਤਬਦੀਲੀ | | -1.9% | 3.3% | 5.7% | 4.5% | 4.0% |
| ਕੁੱਲ ਖਰਚੇ | 38,250 | 40,133 | 40,320 | 41,767 | 42,810 | 43,880 |
| %ਤਬਦੀਲੀ | | 4.9% | 0.5% | 3.7% | 2.5% | 2.5% |
| ਸਰਪਲੱਸ (ਘਾਟਾ) ਅਲਾਊਂਸ ਦੀ ਪੇਸ਼ਬੀਨੀ ਤੋਂ ਪਹਿਲਾਂ | 78 | (2,525) | (1,475) | (695) | 110 | 750 |
| ਪੇਸ਼ਬੀਨੀ ਅਲਾਊਂਸ | - | (250) | (250) | (250) | (250) | (250) |
| ਸਰਪਲੱਸ (ਘਾਟਾ) | 78 | (2,775) | (1,725) | (945) | (140) | 500 |
| ਟੈਕਸ ਦੇਣ ਵਾਲਿਆਂ ਦੀ ਮਦਦ ਵਾਲੇ ਮੂਲ (ਕੈਪੀਟਲ) ਖਰਚੇ | 3,778 | 4,729 | 4,626 | 3,376 | 3,063 | 2,515 |
| ਕੁੱਲ ਮੂਲ (ਕੈਪੀਟਲ) ਖਰਚੇ | 5,540 | 7,434 | 7,687 | 6,544 | 6,574 | 5,740 |
| ਸਿੱਧਾ ਚਾਲੂ ਕਰਜ਼ਾ | 6,455 | 8,250 | 10,071 | 10,512 | 9,930 | 9,513 |
| ਟੈਕਸ ਦੇਣ ਵਾਲਿਆਂ ਦੀ ਮਦਦ ਵਾਲਾ ਕੁੱਲ ਕਰਜ਼ਾ | 26,446 | 30,593 | 34,894 | 37,279 | 38,613 | 39,993 |
| ਕੁੱਲ ਕਰਜ਼ਾ | 38,014 | 42,332 | 48,461 | 52,754 | 56,569 | 59,942 |
| ਟੈਕਸ ਦੇਣ ਵਾਲਿਆਂ ਦੀ ਮਦਦ ਵਾਲਾ ਕਰਜ਼ਾ/ਜੀ ਡੀ ਪੀ (%) | 13.3% | 16.2% | 17.9% | 18.1% | 17.9% | 17.7% |

# ਬੱਜਟ ਬਾਰੇ ਸਾਨੂੰ ਆਪਣੀਆਂ ਤਰਜੀਹਾਂ ਦੱਸੋ

ਤੁਹਾਡੇ ਲਈ ਕਿਹੜੀ ਚੀਜ਼ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ? ਕੀ ਸਰਕਾਰ ਨੂੰ ਸਿਹਤ ਅਤੇ ਪੜ੍ਹਾਈ ਵਰਗੀਆਂ ਮੁੱਖ ਸੇਵਾਵਾਂ ਦੀ ਹਿਫਾਜ਼ਤ ਜਾਰੀ ਰੱਖਣੀ ਚਾਹੀਦੀ ਹੈ, ਅਤੇ ਜੇ ਰੱਖਣੀ ਚਾਹੀਦੀ ਹੈ ਤਾਂ ਇਨ੍ਹਾਂ ਸੇਵਾਵਾਂ ਦਾ ਖਰਚਾ ਦੇਣ ਲਈ ਸਰਕਾਰ ਨੂੰ ਆਮਦਨ ਕਿਵੇਂ ਵਧਾਉਣੀ ਚਾਹੀਦੀ ਹੈ? ਕੀ ਸਰਕਾਰ ਨੂੰ ਟੈਕਸ ਘਟਾਉਣੇ ਜਾਰੀ ਰੱਖਣੇ ਚਾਹੀਦੇ ਹਨ? ਔਖੇ ਆਰਥਿਕ ਸਮਿਆਂ ਦੌਰਾਨ ਸਰਕਾਰ ਨੂੰ ਘਾਟੇ ਕਿਵੇਂ ਕੰਟਰੋਲ ਕਰਨੇ ਚਾਹੀਦੇ ਹਨ?

ਵਿੱਤ ਅਤੇ ਸਰਕਾਰੀ ਸੇਵਾਵਾਂ ’ਤੇ ਸਿਲੈਕਟ ਸਟੈਂਡਿੰਗ ਕਮੇਟੀ – ਜੋ ਕਿ ਵਿਧਾਨ ਸਭਾ ਦੀਆਂ ਸਾਰੀਆਂ ਪਾਰਟੀਆਂ ਦੀ ਕਮੇਟੀ ਹੈ – ਬ੍ਰਿਟਿਸ਼ ਕੋਲੰਬੀਅਨਾਂ ਦੇ ਵਿਚਾਰ ਲੈਣ ਲਈ ਸਤੰਬਰ ਅਤੇ ਅਕਤੂਬਰ ਵਿਚ ਸੂਬੇ ਭਰ ਵਿਚ ਸਲਾਹ-ਮਸ਼ਵਰਾ ਕਰੇਗੀ।

**ਤੁਸੀਂ ਆਪਣੇ ਵਿਚਾਰ ਇਸ ਤਰ੍ਹਾਂ ਦੇ ਸਕਦੇ ਹੋ:**

- ਮਿੱਥੀਆਂ ਲੋਕ ਸੁਣਵਾਈਆਂ ਵਿੱਚੋਂ ਕਿਸੇ ਇਕ ਅੱਗੇ ਪੇਸ਼ ਹੋ ਕੇ: ਸਥਾਨਾਂ ਲਈ ਕਿਰਪਾ ਕਰਕੇ ਦੇਖੋ: www.leg.bc.ca/budgetconsultations
- ਚਿੱਠੀ ਜਾਂ ਈਮੇਲ ਰਾਹੀਂ ਲਿਖਤੀ ਜਵਾਬ ਭੇਜ ਕੇ

**ਆਪਣੇ ਲਿਖਤੀ ਵਿਚਾਰ ਭੇਜਣ ਲਈ ਜਾਂ ਜ਼ਿਆਦਾ ਜਾਣਕਾਰੀ ਮੰਗਣ ਲਈ:**

Select Standing Committee on Finance
and Government Services, Room 224, Parliament Buildings,
Victoria, British Columbia, V8V 1X4 Canada

ਫੋਨ: 1 877 428-8337 (ਟੋਲ-ਫ੍ਰੀ)
ਫੋਨ: 250 356-2933 (ਕੋਲੈਕਟ)
ਫੈਕਸ: 250 356-8172
ਈਮੇਲ: financecommittee@leg.bc.ca
www.leg.bc.ca/budgetconsultations

BRITISH COLUMBIA
The Best Place on Earth